ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ:)ਪੰਜਾਬ
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ8, ਐਸ.ਏ.ਐਸ. ਨਗਰ

ਪੰਜਾਬ ਰਾਜ ਦੇ ਸਮੂਹ
ਸਹਾਇਕ ਸਿੱਖਿਆ ਅਫਸਰ(ਖੇਡਾਂ)

ਮੀਮੋ ਨੰ:2/9-2018 ਸਪੋਰਟਸ ਕਮੇਟੀ
ਮਿਤੀ ਐਸ.ਏ.ਐਸ.ਨਗਰ:13-09-2018

ਵਿਸ਼ਾ : 64ਵੀਆਂ ਨੈਸ਼ਨਲ ਸਕੂਲ ਖੇਡਾਂ ਸੁਕਵੈਸ਼ (ਅੰ14,17,19) ਲੜਕੇ/ਲੜਕੀਆਂ ਚੈਂਪੀਅਨਸ਼ਿਪ ਸਾਲ 2018-19 ਚੰਡੀਗੜ੍ਹ ਵਿਖੇ ਹੋਣ ਸਬੰਧੀ ।

ਹਵਾਲਾ : ਐਸ.ਜੀ.ਐਫ.ਆਈ.ਦੇ ਪੱਤਰ ਨੰ:0423/18-19 ਮਿਤੀ 02-08-2018 ਦੇ ਸਬੰਧ ਵਿਚ.।

ਉਪਰੋਕਤ ਅੰਕਿਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਨੈਸ਼ਨਲ ਸਕੂਲ ਖੇਡਾਂ ਸੁਕਵੈਸ਼ (ਅੰ-14,17,19) ਲੜਕੇ/ਲੜਕੀਆਂ ਚੈਂਪਿਅਨਸ਼ਿਪ ਸਾਲ 2018-19 ਮਿਤੀ 26-09-2018 ਤੋਂ 29-09-18 ਤੱਕ ਚੰਡੀਗੜ੍ਹ ਵਿਖੇ ਹੋਣੀਆਂ ਹਨ, ਇਹਨਾਂ ਖੇਡਾਂ ਵਿੱਚ ਪੰਜਾਬ ਰਾਜ ਦੇ ਖਿਡਾਰੀਆਂ ਨੇ ਭਾਗ ਲੈਣ ਲਈ ਜਾਣਾ ਹੈ। ਇਹਨਾਂ ਖੇਡਾਂ ਵਿੱਚ ਟੀਮਾਂ ਨੂੰ ਭੇਜਣ ਤੋਂ ਪਹਿਲਾਂ ਅੰਤਰ ਜਿਲਾ ਸਕੂਲ ਖੇਡਾਂ ਲਈ ਤਿਆਰ ਕੀਤੇ ਗਏ ਖੇਡ ਕਲੰਡਰ ਅਨੁਸਾਰ ਇਸ ਖੇਡ ਦੇ ਟ੍ਰਾਇਲ ਮਿਤੀ 17-9-2018 ਨੂੰ ਖੇਡ ਸਟੇਡੀਅਮ,ਸੈਕਟਰ:63, ਐਸ.ਏ.ਐਸ.ਨਗਰ ਵਿਖੇ ਲਏ ਜਾਣੇ ਹਨ। ਇਸ ਲਈ ਆਪਣੇ ਆਪਣੇ ਜਿਲੇ ਦੀਆਂ ਟੀਮਾਂ ਨੂੰ ਉਪਰੋਕਤ ਦਰਸਾਏ ਸਥਾਨ ਤੇ ਸਵੇਰੇ 10:00 ਵਜੇ ਪਹੁੰਚਾਉਣਾ ਯਕੀਨੀ ਬਣਾਉਣ।

ਨੋਟ : ਸਿਲੈਕਟ ਹੋਈ ਟੀਮ/ਖਿਡਾਰੀਆਂ ਦੀ ਆਨ ਲਾਈਨ ਐਂਟਰੀ ਮਿਤੀ 20-9-2018 ਤੋਂ ਪਹਿਲਾਂ ਪਹਿਲਾਂ ਕਰਵਾਉਣੀ ਯਕੀਨੀ ਬਣਾਈ ਜਾਵੇ ।

ਆਰਗੇਨਾਈਜ਼ਰ(ਫਿਜੀ:ਐਜੂ:)

ਪਿੱਠ ਅੰਕਣ ਨੰ: ਉਕਤ,
ਮਿਤੀ,ਐਸ.ਏ.ਐਸ.ਨਗਰ :

ਉਪਰੋਕਤ ਦਾ ਉਤਾਰਾ ਸਹਾਇਕ ਸਿੱਖਿਆ ਅਫਸਰ,(ਖੇਡਾਂ)ਲੁਧਿਆਣਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਨੂੰ ਸਿਲੈਕਸ਼ਨ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਜਾਂਦਾ ਹੈ ਆਪ ਆਪਣੇ ਨਾਲ ਸੁਕਵੈਸ਼ ਖੇਡ ਦੇ ਦੋ ਅਧਿਆਪਕਾਂ ਨੂੰ ਬਤੌਰ ਸਿਲੈਕਟਰ ਨਾਲ ਲੈਕੇ ਇਸ ਖੇਡ ਦੇ ਟ੍ਰਾਇਲ ਉਪਰੋਕਤ ਦਰਸਾਏ ਸਥਾਨ ਅਤੇ ਸਮੇਂ ਤੇ ਲੈਣ ਅਤੇ ਸਿਲੈਕਸ਼ਨ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ ਦਰਸਾਉਣ ਲਈ ਟ੍ਰਾਇਲਾਂ ਦੌਰਾਨ ਸਿਲੈਕਸ਼ਨ ਦੀ ਵੀਡਿਉ ਗ੍ਰਾਫੀ ਕਰਾਉਣਾ ਯਕੀਨੀ ਬਣਾਉਣ।

ਆਰਗੇਨਾਈਜ਼ਰ(ਫਿਜੀ:ਐਜੂ:)

ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ) ਬਠਿੰਡਾ
ਪਿੱਠ ਅੰਕਣ ਨੰਬਰ;- ਏ.ਈ.ਓ ਬਠਿੰਡਾ/2018/ ਟ੍ਰਾਇਲ /456 ਮਿਤੀ 14-09-2018
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਿੱਖਿਆ ਅਫਸਰ(ਖੇਡਾਂ)ਬਠਿੰਡਾ।